This question paper contains 4 printed pages]

*Your Roll No*................

**430**

**B.A. (PROGRAMME)/I** **B**

PUNJABI LANGUAGE (C)—Paper I

(Basic Punjabi)

(Admission of 2004/2006 and onwards in respect of the students of Regular Colleges/NCWEB)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਆਪਣੇ ਭਰਾ ਦੀ ਸ਼ਾਦੀ ਉਪਰ ਆਉਣ ਲਈ ਆਪਣੇ ਮਿੱਤਰ/ਸਹੇਲੀ ਨੂੰ ਸੱਦਾ ਪੱਤਰ ਲਿਖੋ ।

ਜਾਂ

ਆਪਣੀ ਭੈਣ ਦੇ ਵਿਆਹ ਕਾਰਨ ਇਕ ਹਫ਼ਤੇ ਦੀ ਛੁਟੀ ਲੈਣ ਲਈ ਕਾਲਜ ਦੇ ਪ੍ਰਿੰਸੀਪਲ ਨੂੰ ਬੇਨਤੀ ਪੱਤਰ ਲਿਖੋ । 15

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਪੈਰ੍ਹਾ ਲਿਖੋ :

(*i*) ਮੈਟਰੋ ਰੇਲ;

(*ii*) ਕਾਲਜ ਦੀ ਲਾਇਬ੍ਰੇਰੀ;

(*iii*) ਕਾਮਨ ਵੈਲਥ ਖੇਡਾਂ–2010 । 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਤੇ ਨੋਟਿਸ ਲਿਖੋ :

ਕਾਲਜ ਦੇ ਚੋਣ ਅਧਿਕਾਰੀ ਵਲੋਂ ਆਪਣੇ ਕਾਲਜ ਵਿਚ ਹੋਣ ਵਾਲੀਆਂ ਚੋਣਾ ਬਾਰੇ ।

ਜਾਂ

ਕਾਲਜ ਦੀ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਵਲੋਂ ਕਾਲਜ ਦੀ ਪਿਕਨਿਕ 'ਤੇ ਜਾਣ ਲਈ ਵਿਦਿਆਰਥੀਆਂ ਨੂੰ ਸੂਚਿਤ ਕਰੋ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

"ਮਹਿਤਾ ਕਾਲੂ ਜੀ ਫਿਕਰਮੰਦ ਹੋ ਗਏ, ਇਹ ਬਾਲਕ ਪੜਦਾ ਨਹੀ । ਬਾਹਰ ਮੱਝਾਂ ਛੇੜਨ ਭੇਜਣਾ ਸ਼ੁਰੂ ਕਰ ਦਿੱਤਾ । ਇਕ ਦਿਨ ਪਿੰਡ ਦੇ ਚੌਧਰੀ ਰਾਇ ਬੁਲਾਰ ਨੇ ਦੇਖਿਆ ਕਿ ਖੇਤ ਦੇ ਕੰਢੇ ਤੇ ਇਕ ਦਰਖ਼ਤ ਥੱਲੇ ਬਾਲਕ ਸੌਂ ਰਹੇ ਸਨ । ਆਸ ਪਾਸ ਧੁੱਪ ਲਿਸ਼ਕ ਰਹੀ ਸੀ । ਪਰ ਚਮਕ ਦੇ ਨੂਰਾਨੀ ਚਿਹਰੇ ਤੇ ਛਾਂ ਸੀ । ਰਾਇ ਬੁਲਾਰ ਨੇ ਦੇਖਿਆ ਵੱਡਾ ਫਨੀਅਰ ਸੱਪ ਉਪਰ ਛਾਂ ਕਰੀ ਖੜਾ ਸੀ । ਰਾਇ ਬੁਲਾਰ ਹੈਰਾਨ ਰਹਿ ਗਿਆ । ਮਹਿਤਾ ਕਾਲੂ ਦੇ ਘਰ ਪਹੁੰਚ ਕੇ ਕਹਿਣ ਲਗਾਂ ' 'ਭਾਈ ਕਾਲੂ ਆਪਣੇ ਪੁੱਤਰ ਨਾਨਕ ਨੂੰ ਨਾ ਕੋਸੀਂ ਇਹ ਤਾਂ ਅਲਾਹ ਦਾ ਕੋਈ ਵਲੀ ਹੈ ਇਸ ਦੇ ਸਿਰ ਤੇ ਸੱਪ ਨੇ ਛਾਂ ਕਰ ਰਖੀ ਸੀ । ਇਹ ਕੋਈ ਮਨੁਖ ਨਹੀਂ – ਅਵਤਾਰ ਹੈ, ਅਵਤਾਰ ਹੈ । ਅਵਤਾਰ ?"

ਪ੍ਰਸ਼ਨ :

(*i*) ਮਹਿਤਾ ਕਾਲੂ ਜੀ ਕਿਉਂ ਫ਼ਿਕਰਮੰਦ ਸਨ ?

(*ii*) ਰਾਇ ਬੁਲਾਰ ਨੇ ਖੇਤ ਦੇ ਕੰਢੇ ਤੇ ਕੀ ਦੇਖਿਆ ?

(*iii*) ਬੱਚੇ ਦੇ ਚਿਹਰੇ ਤੇ ਛਾਂ ਕਿਸ ਨੇ ਕੀਤੀ ਸੀ ?

(*iv*) ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਬੱਚੇ ਬਾਰੇ ਕੀ ਕਿਹਾ ?

(*v*) ਰਾਇ ਬੁਲਾਰ ਨੇ ਕੀ ਮਹਿਸੂਸ ਕੀਤਾ ? 10

5. ਹੇਠਾਂ ਦਿੱਤੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ :

(ੳ) ਸੁੰਦਰ, ਇਨਮ, ਸਜਾਵਟ, ਪਾਣੀ, ਹਵਾ । 5

(ਅ) ਹੇਠ ਲਿਖਿਆਂ ਵਿਚੋਂ ਪੰਜ ਬਹੁਅਰਥਕ ਸ਼ਬਦਾਂ ਨੂੰ ਵੱਖ ਵੱਖ ਅਰਥਾਂ ਨੂੰ ਲੈ ਕੇ ਦੋ ਦੋ ਵਾਕਾਂ ਵਿਚ ਵਰਤੋ :

ਵਾਰ, ਕੋਟ, ਸੂਈ, ਹਾਰ, ਹਾਲ, ਘੜੀ, ਕਲੀ, ਕਵੀ । 5

6. ਹੇਠ ਲਿਖੇ ਫ਼ਾਰਮ ਨੂੰ ਭਰੋ ।

## ਲਾਇਸੈਂਸ ਲੈਣ ਲਈ ਬਿਨੈ ਪੱਤਰ

## ਨਗਰ ਨਿਗਮ ਦਿੱਲੀ ।

ਬਾਬਤ ਸਾਲ ..............................................................

(*i*) ਪ੍ਰਾਰਥਕ ਦਾ ਨਾਂ ..............................................................

(*ii*) ਪ੍ਰਾਰਥਕ ਦੇ ਪਿਤਾ ਦਾ ਨਾਂ ..............................................................

(*iii*) ਪ੍ਰਾਰਥਕ ਦਾ ਰਿਹਾਇਸ਼ੀ ਪਤਾ ..............................................................

(*iv*) ਕੰਮ ਦੀ ਵਿਆਖਿਆ ਜਿਸ ਦਾ ਲਾਇਸੈਂਸ ਲੈਣਾ ਹੈ ..............................

(*v*) ਲਾਇਸੈਂਸ ਨਵਾਂ ਹੈ ਜਾਂ ਪੁਰਾਣਾ/ਰੀਨੀਊ ਕਰਨਾ ਹੈ ..............................

(*vi*) ਪੁਰਾਣਾ ਲਾਇਸੈਂਸ ਨਾਲ ਸ਼ਾਮਲ ਹੈ ਜਾਂ ਨਹੀਂ ..............................

(*vii*) ਪੁਰਾਣਾ ਲਾਇਸੈਂਸ ਨੰਬਰ ..............................

(*viii*) ਉਪਰੋਕਤ ਕੰਮ ਸੰਬੰਧੀ ਨਗਰ ਨਿਗਮ ਤੋਂ ਪੂਰੀ ਜਾਣਕਾਰੀ ਹਾਸਲ ਕਰ ਲਈ ਹੈ ਜਾਂ ਨਹੀਂ ..............................

(*ix*) ਫ਼ਾਰਮ ਨੰਬਰ ..............................

ਮਿਤੀ ..............................

ਪ੍ਰਾਰਥਕ ਦੇ ਦਸਤਖਤ

ਨਾਂ ਅਤੇ ਸੱਹੀ

.............................. 10

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(*i*) ਨਾਂਵ ਦੀ ਪਰਿਭਾਸ਼ਾ ਲਿਖੋ ?

(*ii*) ਯੋਜਕ ਕਿਸ ਨੂੰ ਕਹਿੰਦੇ ਹਨ ?

(*iii*) ਸਮਾਸੀ ਸ਼ਬਦ ਕਿਸ ਨੂੰ ਕਹਿੰਦੇ ਹਨ ?

(*iv*) ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ ?

(*v*) ਮੁਕਤਾ ਕਿਸ ਨੂੰ ਕਹਿੰਦੇ ਹਨ ? 10